ਪੰਜਾਬ ਸਕੂਲ ਸਿੱਖਿਆ ਬੋਰਡ
ਵਿਦਿਆ ਭਵਨ, ਫ਼ੇਜ਼-8
ਐੱਸ.ਏ.ਐੱਸ. ਨਗਰ

## ਪਬਲਿਕ ਨੋਟਿਸ

1. ਅਕਾਦਮਿਕ ਸਾਲ 2019-2020 ਵਿੱਚ ਪੰਜਵੀ, ਅੱਠਵੀਂ ਅਤੇ ਦਸਵੀਂ ਸ਼੍ਰੇਣੀ ਦੇ ਰਜਿਸਟਰਡ ਪਰੀਖਿਆਰਥੀਆਂ ਦਾ ਨਤੀਜਾ ਮਿਤੀ 29-05-2020 ਨੂੰ ਘੋਸ਼ਿਤ ਕੀਤਾ ਗਿਆ ਹੈ।

2. ਦਸਵੀਂ ਸ਼੍ਰੇਣੀ ਦੀਆਂ ਕੇਵਲ ਰੈਗੂਲਰ ਅਤੇ ਰੀਅਪੀਅਰ ਪਰੀਖਿਆਰਥੀਆਂ ਦਾ ਹੀ ਨਤੀਜਾ ਘੋਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦਸਵੀਂ ਸ਼੍ਰੇਣੀ ਦੇ ਵਾਧੂ ਵਿਸ਼ਾ, ਕਾਰਗੁਜਾਰੀ ਸੁਧਾਰ, ਓਪਨ ਸਕੂਲ (ਰੈਗੂਲਰ ਅਤੇ ਰੀਅਪੀਅਰ) ਅਤੇ ਗੋਲਡਨ ਚਾਂਸ (ਜਿਨ੍ਹਾਂ ਪਰੀਖਿਆਰਥੀਆਂ ਦਾ ਨਤੀਜਾ ਗ੍ਰੇਡ ਕਰਕੇ ਰੱਦ ਘੋਸ਼ਿਤ ਕੀਤਾ ਗਿਆ ਸੀ) ਦੇ ਪਰੀਖਿਆਰਥੀਆਂ ਦੇ ਪੇਪਰ ਲਏ ਜਾਣਗੇ। ਪੇਪਰਾਂ ਸਬੰਧੀ ਡੇਟਸ਼ੀਟ ਬੋਰਡ ਦੀ ਵੈਬਸਾਈਟ ਤੇ ਬਾਅਦ ਵਿੱਚ ਉਪਲਬੱਧ ਹੋਵੇਗੀ ਅਤੇ ਇਨ੍ਹਾਂ ਪਰੀਖਿਆਰਥੀਆਂ ਵੱਲੋਂ ਪਹਿਲਾਂ ਜਮ੍ਹਾਂ ਕਰਵਾਈ ਗਈ ਪਰੀਖਿਆ ਫੀਸ ਹੀ ਮੰਨਣਯੋਗ ਹੋਵੇਗੀ।

3. ਕੋਵਿਡ-19 ਮਹਾਂਮਾਰੀ ਦੇ ਕਾਰਨ ਇਹ ਨਤੀਜੇ ਸਕੂਲਾਂ ਵੱਲੋਂ ਭੇਜੇ ਗਏ ਸੀ.ਸੀ.ਈ. ਦੇ ਅੰਕਾਂ ਦੇ ਆਧਾਰ ਤੇ ਜਾਰੀ ਕੀਤੇ ਹੋਣ ਕਾਰਨ ਇੰਨ੍ਹਾਂ ਸ਼੍ਰੇਣੀਆਂ ਦੇ ਪਰੀਖਿਆਰਥੀ ਰੀਚੈਕਿੰਗ/ਰੀਈਵੈਲੂਏਸ਼ਨ ਕਰਵਾਉਣ ਦੇ ਹੱਕਦਾਰ ਨਹੀਂ ਹੋਣਗੇ।

4. ਨਤੀਜਾ ਵਿਖਾ ਰਹੀਆਂ ਫਰਮਾਂ ਅਤੇ ਇਸ ਨਾਲ ਸਬੰਧਤ ਕੋਈ ਵੀ ਸੰਸਥਾਂ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ, ਨਤੀਜੇ ਦੇ ਛਪਣ ਵਿੱਚ ਕਿਸੇ ਗਲਤੀ ਲਈ ਜਿੰਮੇਵਾਰ ਨਹੀਂ ਹੈ। ਇਹ ਘੋਸ਼ਿਤ ਕੀਤਾ ਨਤੀਜਾ ਕੇਵਲ ਪਰੀਖਿਆਰਥੀਆਂ ਦੀ ਤੁਰੰਤ ਜਾਣਕਾਰੀ ਲਈ ਹੈ, ਇਸ ਨੂੰ ਅਸਲ ਨਤੀਜਾ ਨਹੀਂ ਮੰਨਿਆ ਜਾ ਸਕਦਾ। ਨਤੀਜਾ ਕਾਰਡ/ਸਰਟੀਫਿਕੇਟ ਦੀ ਈ-ਕਾਪੀ (Soft Copy) ਬੋਰਡ ਵੱਲੋਂ ਵੱਖਰੇ ਤੌਰ ਤੇ ਭੇਜੀ ਜਾਵੇਗੀ। ਇਸ ਕਰਕੇ ਸਬੰਧਤ ਪ੍ਰੀਖਿਆਰਥੀ ਬੋਰਡ ਵੱਲੋਂ ਜਾਰੀ ਨਤੀਜਾ ਕਾਰਡਾਂ/ ਸਰਟੀਫਿਕੇਟਾਂ ਦੀ ਈ-ਕਾਪੀ (Soft Copy) ਤੇ ਹੀ ਨਿਰਭਰ ਕਰਨ।

5. ਪ੍ਰੀਖਿਆਰਥੀਆਂ ਦੇ ਨਤੀਜੇ ਦੇ ਪੂਰੇ ਵੇਰਵੇ ਮਿਤੀ29-05-2020 ਨੂੰ ਸ਼ਾਮ **8:00** ਵਜੇ ਤੋਂ ਬਾਅਦ ਬੋਰਡ ਦੀ ਵੈਬ-ਸਾਈਟ **www.pseb.ac.in** ਅਤੇ www.indiaresults.com ਤੇ ਉਪਲੱਬਧ ਹਨ।

2020

ਕੰਟਰੋਲਰ(ਪਰੀਖਿਆਵਾਂ)